# ਆਪਣੇ ਬੱਚੇ ਦੀ ਆਰ ਐੱਸ ਵੀ ਤੋਂ ਰੱਖਿਆ ਕਰਨਾ

ਮਾਪਿਆਂ ਅਤੇ ਗਰਭਵਤੀ ਮਾਪਿਆਂ ਲਈ

Provincial Council for Maternal and Child Health

## ਆਰ ਐੱਸ ਵੀ (RSV) ਕੀ ਹੈ?

**ਰੈਸਪੀਰੇਟਰੀ ਸਿਨਸਿਟੀਅਲ ਵਾਇਰਸ (ਆਰ ਐੱਸ ਵੀ) ਸਾਹ ਦੀ ਬੀਮਾਰੀ ਲਾਉਂਦਾ ਹੈ ਜੋ ਸਾਹ-ਰਾਹ ਅਤੇ ਫੇਫੜਿਆਂ `ਤੇ ਅਸਰ ਕਰਦੀ ਹੈ, ਖਾਸ ਕਰਕੇ ਬਾਲਾਂ (ਬੇਬੀਜ਼) ਅਤੇ ਛੋਟੇ ਬੱਚਿਆਂ ਵਿੱਚ।**

ਆਰ ਐੱਸ ਵੀ (RSV) ਨਾਲ ਅਕਸਰ ਜ਼ੁਕਾਮ ਵਰਗੇ ਲੱਛਣ ਪੈਦਾ ਹੁੰਦੇ ਹਨ ਅਤੇ ਇਹ ਬ੍ਰੌਂਕਿਓਲਾਈਟਿਸ ਨਾਂ ਦੀ ਛਾਤੀ ਦੀ ਇਨਫੈਕਸ਼ਨ ਦਾ ਸਭ ਤੋਂ ਆਮ ਕਾਰਨ ਹੈ। ਬਾਲ ਅਤੇ ਛੋਟੇ ਬੱਚੇ ਅਕਸਰ ਆਰ ਐੱਸ ਵੀ (RSV) ਨਾਲ ਥੋੜ੍ਹਾ ਜਿਹਾ ਬੀਮਾਰ ਹੁੰਦੇ ਹਨ ਅਤੇ ਜਲਦੀ ਠੀਕ ਹੋ ਜਾਂਦੇ ਹਨ। ਫਿਰ ਵੀ, ਕੁਝ ਬਾਲਾਂ ਅਤੇ ਛੋਟੇ ਬੱਚਿਆਂ ਵਿੱਚ ਗੰਭੀਰ ਇਨਫੈਕਸ਼ਨ ਹੋ ਸਕਦੀ ਹੈ ਜੋ ਹਸਪਤਾਲ ਵਿੱਚ ਦਾਖਲੇ ਦਾ ਕਾਰਨ ਬਣ ਸਕਦੀ ਹੈ ਅਤੇ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਹੋ ਸਕਦੀ ਹੈ।

ਤਕਰੀਬਨ ਤਕਰੀਬਨ ਸਾਰੇ ਬੱਚਿਆਂ ਨੂੰ ਦੋ ਸਾਲ ਦੇ ਹੋਣ ਤੱਕ ਆਰ ਐੱਸ ਵੀ (RSV) ਦੀ ਇਨਫੈਕਸ਼ਨ ਹੋ ਜਾਂਦੀ ਹੈ ਅਤੇ ਇਹ ਇਸ ਉਮਰ ਦੇ ਬੱਚਿਆਂ ਦੇ ਹਸਪਤਾਲ ਵਿੱਚ ਦਾਖਲ ਹੋਣ ਦਾ ਮੁੱਖ ਕਾਰਨ ਹੈ।

ਆਰ ਐੱਸ ਵੀ (RSV) ਆਸਾਨੀ ਨਾਲ ਫੈਲਦਾ ਹੈ ਅਤੇ ਇਹ ਲੇਟ ਪਤਝੜ ਰੁੱਤ ਤੋਂ ਬਸੰਤ ਰੁੱਤ ਦੇ ਸ਼ੁਰੂ ਤੱਕ ਸਭ ਤੋਂ ਵੱਧ ਸਰਗਰਮ ਹੁੰਦਾ ਹੈ। ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਆਰ ਐੱਸ ਵੀ (RSV) ਦੀ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਜਾਂ ਥਾਂ ਦੇ ਸਿੱਧੇ ਸੰਪਰਕ ਵਿਚ ਆਉਣ ਨਾਲ ਆਰ ਐੱਸ ਵੀ (RSV) ਦੀ ਇਨਫੈਕਸ਼ਨ ਹੋ ਸਕਦੀ ਹੈ। ਤੁਹਾਨੂੰ ਆਰ ਐੱਸ ਵੀ (RSV) ਦੀ ਇਨਫੈਕਸ਼ਨ ਵਾਲੇ ਖੰਘ ਰਹੇ ਜਾਂ ਛਿੱਕਾਂ ਮਾਰ ਰਹੇ ਕਿਸੇ ਵਿਅਕਤੀ ਦੇ ਨੇੜੇ ਹੋਣ ਨਾਲ ਵੀ ਇਹ ਹੋ ਸਕਦੀ ਹੈ।



## ਆਰ ਐੱਸ ਵੀ (RSV) ਦੇ ਲੱਛਣ ਕੀ ਹਨ?

ਆਰ ਐੱਸ ਵੀ (RSV) ਦੇ ਲੱਛਣ ਜ਼ੁਕਾਮ ਜਾਂ ਫਲੂ ਦੇ ਲੱਛਣਾਂ ਵਰਗੇ ਹੁੰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- ਖੰਘ
- ਨੱਕ ਵਗਣਾ
- ਬੁਖਾਰ
- ਘੱਟ ਪੀਣਾ ਜਾਂ ਖਾਣਾ
- ਘੱਟ ਤਾਕਤ ਜਾਂ ਬਹੁਤ ਜ਼ਿਆਦਾ ਥਕਾਵਟ ਹੋਣਾ
- ਸ਼ੂਕਣ ਦੀ ਆਵਾਜ਼ ਆਉਣਾ
- ਰੋਣਾ ਜਾਂ ਚਿੜਚਿੜਾਪਨ

! ਜੇ ਤੁਹਾਡੇ ਬੱਚੇ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਹੈ, ਡੀਹਾਈਡਰੇਸ਼ਨ ਹੋ ਰਹੀ ਹੈ (ਪਾਣੀ ਘਟਿਆ ਹੈ), ਅਤੇ/ਜਾਂ ਉਸ ਦੇ ਲੱਛਣ ਵਿਗੜ ਰਹੇ ਹਨ ਤਾਂ ਡਾਕਟਰ ਕੋਲ ਜਾਉ।

## ਆਪਣੇ ਬੱਚੇ ਨੂੰ ਆਰ ਐੱਸ ਵੀ (RSV) ਤੋਂ ਬਚਾਉਣ ਲਈ ਮੈਂ ਕੀ ਕਰ ਸਕਦੀ/ਸਕਦਾ ਹਾਂ?

ਆਪਣੇ ਬੱਚੇ ਨੂੰ ਆਰ ਐੱਸ ਵੀ (RSV) ਦੀ ਇਨਫੈਕਸ਼ਨ ਤੋਂ ਬਚਾਉਣ ਦੇ ਕਈ ਤਰੀਕੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- ਰੋਕਥਾਮ ਕਰਨ ਵਾਲੀ ਐਂਟੀਬਾਡੀ ਦਵਾਈ ਜੋ ਬੱਚੇ ਨੂੰ ਦਿੱਤੀ ਜਾਂਦੀ ਹੈ
- ਇਕ ਵੈਕਸੀਨ ਜੋ ਗਰਭਵਤੀ ਔਰਤ ਦੇ ਲਾਇਆ ਜਾਂਦਾ ਹੈ

ਇਹ ਦੋਵੇਂ ਤਰੀਕੇ ਸੁਰੱਖਿਅਤ ਅਤੇ ਅਸਰਦਾਰ ਹਨ। ਬੱਚੇ ਨੂੰ ਆਰ ਐੱਸ ਵੀ (RSV) ਤੋਂ ਬਚਾਉਣ ਵਿੱਚ ਮਦਦ ਕਰਨ ਲਈ ਇਨ੍ਹਾਂ ਵਿੱਚੋਂ ਸਿਰਫ਼ ਇਕ ਤਰੀਕਾ ਵਰਤਣ ਦੀ ਲੋੜ ਹੁੰਦੀ ਹੈ। ਦਵਾਈ ਅਤੇ ਵੈਕਸੀਨ ਦੋਵਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ ਜਦੋਂ ਤੱਕ ਕਿਸੇ ਹੈਲਥਕੇਅਰ ਪ੍ਰੋਵਾਈਡਰ ਵਲੋਂ ਅਜਿਹਾ ਕਰਨ ਦੀ ਸਿਫਾਰਸ਼ ਨਾ ਕੀਤੀ ਜਾਵੇ।

**ਕੈਨੇਡਾ ਦੀ ਨੈਸ਼ਨਲ ਐਡਵਾਈਜ਼ਰੀ ਕਮੇਟੀ ਔਨ ਇਮਿਊਨਾਈਜ਼ੇਸ਼ਨ (ਐੱਨ ਏ ਸੀ ਆਈ) ਸਿਫਾਰਸ਼ ਕਰਦੀ ਹੈ ਕਿ ਆਰ ਐੱਸ ਵੀ (RSV ) ਦੀ ਇਨਫੈਕਸ਼ਨ ਤੋਂ ਸੁਰੱਖਿਆ ਦੇ ਤਰਜੀਹੀ ਰੂਪ ਵਜੋਂ ਗਰਭਵਤੀ ਔਰਤ ਦੇ ਵੈਕਸੀਨ ਲਾਉਣ ਦੀ ਬਜਾਏ ਬੱਚੇ ਨੂੰ ਰੋਕਥਾਮ ਕਰਨ ਵਾਲੀ ਐਂਟੀਬਾਡੀ ਦਵਾਈ ਦਿੱਤੀ ਜਾਵੇ।** ਇਹ ਸਿਫਾਰਸ਼ ਇਸ ਗੱਲ 'ਤੇ ਅਧਾਰਿਤ ਹੈ ਕਿ ਰੋਕਥਾਮ ਕਰਨ ਵਾਲੀ ਐਂਟੀਬਾਡੀ ਦਵਾਈ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀ ਹੈ, ਇਹ ਕਿੰਨੀ ਦੇਰ ਤੱਕ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਇਹ ਕਿੰਨੀ ਸੁਰੱਖਿਅਤ ਹੈ।

## ਬੇਫੋਰਟਸ (Beyfortus™- ਜਿਸ ਨੂੰ nirsevimab ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਸਿਫਾਰਸ਼ ਕੀਤੀ ਗਈ ਰੋਕਥਾਮ ਕਰਨ ਵਾਲੀ ਐਂਟੀਬਾਡੀ ਦਵਾਈ ਹੈ।

ਇਹ ਵੈਕਸੀਨ ਨਹੀਂ ਹੈ। ਬੇਫੋਰਟਸ (Beyfortus) ਸਾਡੇ ਸਰੀਰ ਵਲੋਂ ਬਣਾਈਆਂ ਜਾਣ ਵਾਲੀਆਂ ਐਂਟੀਬਾਡੀਜ਼ ਵਾਂਗ ਕੰਮ ਕਰਕੇ ਕੰਮ ਕਰਦੀ ਹੈ। ਇਹ ਐਂਟੀਬਾਡੀਜ਼ ਜਰਾਸੀਮਾਂ ਅਤੇ ਹਾਨੀਕਾਰਕ ਤੱਤਾਂ ਨੂੰ ਖਤਮ ਕਰਨ ਵਿੱਚ ਮਦਦ ਕਰਦੀਆਂ ਹਨ।।

## ਕੀ ਮੇਰਾ ਬੱਚਾ ਬੇਫੋਰਟਸ (Beyfortus) ਲੈਣ ਦੇ ਯੋਗ ਹੈ?

ਤੁਹਾਡਾ ਬੱਚਾ ਓਨਟਾਰੀਓ ਵਿੱਚ ਆਰ ਐੱਸ ਵੀ (RSV) ਦੇ ਮੌਸਮ ਦੌਰਾਨ ਬੇਫੋਰਟਸ (Beyfortus) ਲੈ ਸਕਦਾ ਹੈ ਜੇ ਕਰ ਉਹ:

- 1 ਅਪ੍ਰੈਲ ਜਾਂ ਬਾਅਦ ਵਿੱਚ ਪੈਦਾ ਹੋਇਆ ਹੈ ਅਤੇ ਆਰ ਐੱਸ ਵੀ (RSV) ਦੇ ਮੌਸਮ ਦੇ ਖ਼ਤਮ ਹੋਣ `ਤੇ ਅੱਠ ਮਹੀਨਿਆਂ ਤੋਂ ਛੋਟਾ ਹੈ
- ਦੋ ਸਾਲ ਤੋਂ ਘੱਟ ਉਮਰ ਦਾ ਹੈ ਅਤੇ ਆਪਣੇ ਆਰ ਐੱਸ ਵੀ (RSV) ਦੇ ਦੂਜੇ ਮੌਸਮ ਦੌਰਾਨ ਉਸ ਨੂੰ ਆਰ ਐੱਸ ਵੀ (RSV) ਤੋਂ ਗੰਭੀਰ ਬੀਮਾਰੀ ਦਾ ਖ਼ਤਰਾ ਹੈ*

ਆਰ ਐੱਸ ਵੀ (RSV) ਦਾ ਮੌਸਮ ਆਮ ਤੌਰ `ਤੇ ਨਵੰਬਰ ਤੋਂ ਮਾਰਚ ਦੇ ਅਖੀਰ ਤੱਕ ਚਲਦਾ ਹੈ ਪਰ ਇਸ ਦਾ ਅਸਲੀ ਸਮਾਂ ਹਰ ਸਾਲ ਬਦਲ ਸਕਦਾ ਹੈ ਅਤੇ ਇਹ ਇਸ ਗੱਲ `ਤੇ ਨਿਰਭਰ ਹੋ ਸਕਦਾ ਹੈ ਕਿ ਤੁਸੀਂ ਓਨਟਾਰੀਓ ਵਿੱਚ ਕਿੱਥੇ ਰਹਿੰਦੇ ਹੋ।

*ਇਸ ਵਿੱਚ ਇਹ ਸ਼ਾਮਲ ਹਨ, ਸਮੇਂ ਤੋਂ ਪਹਿਲਾਂ ਜਨਮ ਕਾਰਨ ਫੇਫੜਿਆਂ ਦੀ ਬੀਮਾਰੀ (ਬ੍ਰੋਂਕੋਪਲਮੋਨਰੀ ਡਿਸਪਲਾਸੀਆ), ਜਮਾਂਦਰੂ ਦਿਲ ਦੀ ਬੀਮਾਰੀ, ਗੰਭੀਰ ਇਮਿਊਨੋਡੈਫੀਸ਼ੈਂਸੀ, ਡਾਊਨ ਸਿੰਡਰੋਮ, ਸਿਸਟਿਕ ਫਾਈਬਰੋਸਿਸ, ਨਿਊਰੋਮਸਕੁਲਰ ਬੀਮਾਰੀ ਵਾਲੇ ਬੱਚੇ, ਜਮਾਂਦਰੂ ਸਾਹ-ਰਾਹ ਦੀ ਅਸਾਧਰਨਤਾ ਵਾਲੇ ਬੱਚੇ, ਪਰ ਇਹ ਇਨ੍ਹਾਂ ਬੱਚਿਆਂ ਤੱਕ ਹੀ ਸੀਮਤ ਨਹੀਂ ਹੈ।

## ਕੀ ਬੇਫੋਰਟਸ (Beyfortus) ਸੁਰੱਖਿਅਤ ਹੈ?

ਹਾਂ। ਕਲੀਨਿਕਲ ਪਰਖਾਂ ਨੇ ਇਹ ਦਿਖਾਇਆ ਹੈ ਕਿ **ਬੇਫੋਰਟਸ (Beyfortus) ਬਾਲਾਂ ਅਤੇ ਛੋਟੇ ਬੱਚਿਆਂ ਲਈ ਸੁਰੱਖਿਅਤ ਹੈ।** ਇਹ ਪਤਾ ਲੱਗਾ ਹੈ ਕਿ ਬੇਫੋਰਟਸ (Beyfortus) ਆਰ ਐੱਸ ਵੀ (RSV) ਨਾਲ ਸੰਬੰਧਿਤ ਬੀਮਾਰੀਆਂ ਜਿਵੇਂ ਕਿ ਬ੍ਰੌਂਕਿਓਲਾਈਟਿਸ ਅਤੇ ਆਰ ਐੱਸ ਵੀ (RSV) ਦੀਆਂ ਗੰਭੀਰ ਇਨਫੈਕਸ਼ਨਾਂ ਨੂੰ ਰੋਕਦੀ ਹੈ।

ਬੇਫੋਰਟਸ (Beyfortus) ਲੈਣ ਤੋਂ ਬਾਅਦ ਸਾਈਡ ਇਫੈਕਟਸ ਆਮ ਤੌਰ 'ਤੇ ਹਲਕੇ ਹੁੰਦੇ ਹਨ ਅਤੇ ਸਿਰਫ ਕੁਝ ਦਿਨਾਂ ਤੱਕ ਰਹਿੰਦੇ ਹਨ। ਇਹਨਾਂ ਵਿੱਚ ਟੀਕਾ ਲੱਗੀ ਥਾਂ 'ਤੇ ਲਾਲੀ, ਸੋਜ ਅਤੇ ਦਰਦ ਹੋਣਾ, ਧੱਫੜ ਨਿਕਲਣੇ, ਅਤੇ/ਜਾਂ ਬੁਖਾਰ ਹੋਣਾ ਸ਼ਾਮਲ ਹਨ।

ਬੇਫੋਰਟਸ (Beyfortus) ਨੂੰ ਬੱਚਿਆਂ ਲਈ ਨੇਮ ਨਾਲ ਸਿਫਾਰਸ਼ ਕੀਤੇ ਗਏ ਹੋਰ ਟੀਕਿਆਂ ਦੇ ਨਾਲ ਇੱਕੋ ਦਿਨ ਜਾਂ ਇੱਕੋ ਹਫ਼ਤੇ ਦੇ ਅੰਦਰ ਸੁਰੱਖਿਅਤ ਢੰਗ ਨਾਲ ਦਿੱਤਾ ਜਾ ਸਕਦਾ ਹੈ।

ਬੇਫੋਰਟਸ (Beyfortus) ਲੈਣ ਨਾਲ ਬੱਚੇ ਨੂੰ ਆਰ ਐੱਸ ਵੀ (RSV) ਨਹੀਂ ਮਿਲੇਗਾ। ਹਾਲਾਂ ਕਿ ਅਜਿਹਾ ਬਹੁਤ ਘੱਟ ਹੁੰਦਾ ਹੈ, ਪਰ ਇਹ ਸੰਭਵ ਹੈ ਕਿ ਬੱਚਾ ਆਰ ਐੱਸ ਵੀ (RSV) ਤੋਂ ਗੰਭੀਰ ਰੂਪ ਵਿੱਚ ਬੀਮਾਰ ਹੋ ਜਾਵੇ ਭਾਵੇਂ ਉਸ ਨੂੰ ਬੇਫੋਰਟਸ (Beyfortus) ਦਿੱਤੀ ਗਈ ਹੋਵੇ।

## ਮੇਰੇ ਬੱਚੇ ਨੂੰ ਬੇਫੋਰਟਸ (Beyfortus) ਕਿਵੇਂ ਦਿੱਤੀ ਜਾਂਦੀ ਹੈ?

ਬੇਫੋਰਟਸ (Beyfortus) ਤੁਹਾਡੇ ਬੱਚੇ ਨੂੰ ਕਿਸੇ ਹੈਲਥਕੇਅਰ ਪ੍ਰੋਵਾਈਡਰ ਵਲੋਂ ਇਕ ਵਾਰ ਲਾਏ ਜਾਣ ਵਾਲੇ ਟੀਕੇ (ਅਕਸਰ ਪੱਟ ਵਿੱਚ) ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਟੀਕਾ ਲੱਗਣ ਦੇ ਫੌਰਨ ਬਾਅਦ ਇਹ ਇਲਾਜ ਆਰ ਐੱਸ ਵੀ (RSV) ਤੋਂ ਇਮਿਊਨਟੀ ਪ੍ਰਦਾਨ ਕਰਦਾ ਹੈ ਅਤੇ ਟੀਕਾ ਲੱਗਣ ਤੋਂ ਬਾਅਦ ਪਹਿਲੇ **ਪੰਜ ਮਹੀਨਿਆਂ** ਦੇ ਅੰਦਰ ਸਭ ਤੋਂ ਵਧੀਆ ਕੰਮ ਕਰਦਾ ਹੈ।

## ਮੇਰਾ ਬੱਚਾ ਬੇਫੋਰਟਸ (Beyfortus) ਕਦੋਂ ਲੈ ਸਕਦਾ ਹੈ?

- ਜੇ ਤੁਹਾਡਾ ਬੱਚਾ ਆਰ ਐੱਸ ਵੀ (RSV) ਦੇ ਮੌਸਮ ਦੌਰਾਨ ਪੈਦਾ ਹੋਇਆ ਹੈ ਤਾਂ ਜਨਮ ਤੋਂ ਤੁਰੰਤ ਬਾਅਦ ਬੇਫੋਰਟਸ (Beyfortus) ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਸ਼ੁਰੂਆਤੀ ਮਹੀਨਿਆਂ ਵਿੱਚ ਸੁਰੱਖਿਆ ਮਿਲੇਗੀ ਜਦੋਂ ਤੁਹਾਡਾ ਬੱਚਾ ਸਭ ਤੋਂ ਜ਼ਿਆਦਾ ਖ਼ਤਰੇ ਵਿੱਚ ਹੁੰਦਾ ਹੈ।
- ਜੇ ਤੁਹਾਡਾ ਬੱਚਾ ਆਰ ਐੱਸ ਵੀ (RSV) ਦੇ ਮੌਸਮ ਤੋਂ ਪਹਿਲਾਂ ਪੈਦਾ ਹੋਇਆ ਹੈ ਅਤੇ ਅੱਠ ਮਹੀਨਿਆਂ ਦਾ ਜਾਂ ਉਸ ਤੋਂ ਛੋਟਾ ਹੈ, ਤਾਂ ਉਸ ਨੂੰ ਬੇਫੋਰਟਸ (Beyfortus) ਆਰ ਐੱਸ ਵੀ (RSV) ਦਾ ਮੌਸਮ ਸ਼ੁਰੂ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ।
- ਜੇ ਤੁਹਾਡੇ ਬੱਚੇ ਨੂੰ ਆਰ ਐੱਸ ਵੀ (RSV) ਦੀ ਇਨਫੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਰਹਿੰਦਾ ਹੈ ਅਤੇ ਉਹ ਆਰ ਐੱਸ ਵੀ (RSV) ਦੇ ਦੂਜੇ ਮੌਸਮ ਵਿੱਚ ਦਾਖਲ ਹੋ ਰਿਹਾ ਹੈ ਤਾਂ ਉਸ ਨੂੰ ਬੇਫੋਰਟਸ (Beyfortus) ਆਰ ਐੱਸ ਵੀ (RSV) ਦਾ ਮੌਸਮ ਸ਼ੁਰੂ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ।

ਜੇ ਤੁਹਾਡਾ ਬੱਚਾ ਇਹ ਸਮੇਂ ਖੁੰਝਾ ਦੇਵੇ, ਤਾਂ ਆਰ ਐੱਸ ਵੀ (RSV) ਦੇ ਮੌਸਮ ਦੌਰਾਨ ਉਹ ਕਿਸੇ ਸਮੇਂ ਵੀ ਬੇਫੋਰਟਸ (Beyfortus) ਲੈ ਸਕਦਾ ਹੈ।

## ਮੇਰੇ ਬੱਚੇ ਨੂੰ ਬੇਫੋਰਟਸ (Beyfortus) ਕਿੱਥੋਂ ਮਿਲ ਸਕਦੀ ਹੈ?

ਬੇਫੋਰਟਸ (Beyfortus) ਜਨਮ ਤੋਂ ਬਾਅਦ ਤੁਹਾਡੇ ਬੱਚੇ ਨੂੰ ਘਰ ਭੇਜਣ ਤੋਂ ਪਹਿਲਾਂ ਹਸਪਤਾਲ ਵਿੱਚ ਦਿੱਤੀ ਜਾਣੀ ਚਾਹੀਦੀ ਹੈ। ਇਹ ਤੁਹਾਡੇ ਬੱਚੇ ਨੂੰ ਤੁਹਾਡੀ ਦਾਈ, ਤੁਹਾਡੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਵਲੋਂ ਜਾਂ ਤੁਹਾਡੇ ਲੋਕਲ ਪਬਲਿਕ ਹੈਲਥ ਯੂਨਿਟ ਰਾਹੀਂ ਵੀ ਦਿੱਤੀ ਜਾ ਸਕਦੀ ਹੈ। ਯੋਗ ਛੋਟੇ ਬੱਚਿਆਂ ਲਈ, ਬੇਫੋਰਟਸ (Beyfortus) ਬੱਚਿਆਂ ਦੇ ਡਾਕਟਰ ਜਾਂ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਦੇ ਦਫ਼ਤਰ ਵਿੱਚ, ਅਤੇ ਆਊਟਪੇਸ਼ੈਂਟ ਹਸਪਤਾਲ ਕਲੀਨਿਕਾਂ ਰਾਹੀਂ ਵੀ ਦਿੱਤੀ ਜਾ ਸਕਦੀ ਹੈ।

## ਅਬਰੀਜ਼ਵੋ (Abrysvo™ -ਜਿਸ ਨੂੰ RSVpreF ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਇਕ ਵੈਕਸੀਨ ਹੈ ਜੋ ਗਰਭਵਤੀ ਔਰਤ ਦੇ ਉਸ ਦੇ ਬੱਚੇ ਵਿੱਚ ਆਰ ਐੱਸ ਵੀ (RSV) ਦੀ ਇਨਫੈਕਸ਼ਨ ਨੂੰ ਰੋਕਣ ਲਈ ਲਾਇਆ ਜਾ ਸਕਦਾ ਹੈ।

- ਇਹ **ਗਰਭ ਅਵਸਥਾ ਦੇ 32 ਅਤੇ 36 ਹਫ਼ਤਿਆਂ** ਦੇ ਵਿਚਕਾਰ ਲਾਇਆ ਜਾਂਦਾ ਹੈ ਜੇ ਤੁਹਾਡੇ ਬੱਚੇ ਨੇ ਆਰ ਐੱਸ ਵੀ (RSV) ਦੇ ਮੌਸਮ ਦੇ ਦੌਰਾਨ ਜਾਂ ਉਸ ਦੇ ਸ਼ੁਰੂ ਹੋਣ ਦੇ ਨੇੜੇ ਪੈਦਾ ਹੋਣਾ ਹੈ।
- ਵੈਕਸੀਨ ਗਰਭਵਤੀ ਔਰਤ ਦੇ ਇਮਿਊਨ ਸਿਸਟਮ ਦੀ ਐਂਟੀਬਾਡੀਜ਼ ਬਣਾਉਣ ਵਿੱਚ ਮਦਦ ਕਰਦਾ ਹੈ ਜੋ ਗਰਭ ਅਵਸਥਾ ਦੌਰਾਨ ਬੱਚੇ ਨੂੰ ਮਿਲ ਸਕਦੀਆਂ ਹਨ। ਇਹ ਐਂਟੀਬਾਡੀਜ਼ **ਬੱਚੇ ਨੂੰ ਜ਼ਿੰਦਗੀ ਦੇ ਪਹਿਲੇ ਕੁੱਝ ਮਹੀਨਿਆਂ ਦੌਰਾਨ, ਆਮ ਤੌਰ `ਤੇ ਛੇ ਮਹੀਨਿਆਂ ਤੱਕ, ਆਰ ਐੱਸ ਵੀ (RSV)** ਦੀ ਇਨਫੈਕਸ਼ਨ ਤੋਂ ਬਚਾਉਣਗੀਆਂ।

> **!** ਜ਼ਿਆਦਾ ਜਾਣਕਾਰੀ ਲਈ ਆਪਣੇ ਹੈਲਥਕੇਅਰ ਪ੍ਰੋਵਾਈਡਰ ਜਾਂ ਲੋਕਲ ਪਬਲਿਕ ਹੈਲਥ ਯੂਨਿਟ ਨਾਲ ਗੱਲ ਕਰੋ।

## ਮੈਂ ਆਰ ਐੱਸ ਵੀ (RSV) ਤੋਂ ਬਚਾਅ ਕਰਨ ਲਈ ਹੋਰ ਕੀ ਕਰ ਸਕਦੀ/ਸਕਦਾ ਹਾਂ?

- ਬੀਮਾਰ ਹੋਣ `ਤੇ ਘਰ ਰਹੋ ਅਤੇ ਬੀਮਾਰ ਲੋਕਾਂ ਨਾਲ ਨੇੜਲੇ ਸੰਪਰਕ ਤੋਂ ਬਚੋ
- ਆਪਣੇ ਹੱਥ ਅਕਸਰ ਧੋਵੋ
- ਥਾਵਾਂ ਨੂੰ ਨੇਮ ਨਾਲ ਸਾਫ਼ ਅਤੇ ਰੋਗਾਣੂ ਮੁਕਤ ਕਰੋ
- ਆਪਣੀ ਬਾਂਹ ਵਿੱਚ ਖੰਘੋ ਜਾਂ ਛਿੱਕੋ
- ਆਪਣੇ ਬੱਚੇ ਨੂੰ ਛਾਤੀ ਦਾ ਦੁੱਧ ਚੁੰਘਾਓ (ਇਸ ਵਿੱਚ ਰੱਖਿਆ ਕਰਨ ਵਾਲੀਆਂ ਐਂਟੀਬਾਡੀਜ਼ ਹੁੰਦੀਆਂ ਹਨ)
- ਸਿਗਰਟਾਂ ਦੇ ਧੂੰਏਂ ਤੋਂ ਬਚੋ

*ਇਹ ਤੱਥ ਸ਼ੀਟ ਸਿਰਫ਼ ਆਮ ਜਾਣਕਾਰੀ ਲਈ ਹੈ ਅਤੇ ਇਹ ਡਾਕਟਰੀ ਸਲਾਹ, ਰੋਗ ਦੀ ਪਛਾਣ, ਜਾਂ ਇਲਾਜ ਦੀ ਥਾਂ ਨਹੀਂ ਲੈਂਦੀ। ਆਰ ਐੱਸ ਵੀ (RSV) ਦੇ ਮੌਸਮ ਦੌਰਾਨ ਆਪਣੇ ਬੱਚੇ ਦੀ ਰੱਖਿਆ ਲਈ ਆਪਣੀਆਂ ਚੋਣਾਂ ਬਾਰੇ ਵਿਚਾਰ ਕਰਨ ਲਈ ਅਤੇ ਆਪਣੇ ਅਤੇ ਆਪਣੇ ਪਰਿਵਾਰ ਲਈ ਕੰਮ ਕਰਨ ਵਾਲੀ ਕਿਸੇ ਪਲੈਨ ਦਾ ਫੈਸਲਾ ਕਰਨ ਲਈ ਆਪਣੇ ਹੈਲਥਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ।*

ਜ਼ਿਆਦਾ ਜਾਣਕਾਰੀ ਲਈ **ਓਨਟਾਰੀਓ ਮਨਿਸਟਰੀ** ਔਫ ਹੈਲਥ ਦੇ ਆਰ ਐੱਸ ਵੀ (RSV) ਵੈੱਬਸਾਈਟ 'ਤੇ ਜਾਓ: Ontario.ca/RSV

ਇਹ ਤੱਥ ਸ਼ੀਟ ਹੋਰ ਬੋਲੀਆਂ ਵਿੱਚ ਵੀ ਮਿਲਦੀ ਹੈ। ਉਹ ਦੇਖਣ ਲਈ ਇਸ ਕਿਊ ਆਰ ਕੋਡ ਨੂੰ ਸਕੈਨ ਕਰੋ।